Date 15.4.24
Page 1

Tender Heart High School Sec-33 B Chd

Class-9 | Teacher- Ramandeep Kaur

Topic- 'ਪਰਤਾ ਪਾਂਧੀ' | ਪਾਠ - 1 (ਕਹਾਣੀ)

## ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫ਼ਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਪਰਤਾ ਪਾਂਧੀ' ਬਾਰੇ ਵਿਚਾਰ ਕਰਾਂਗੇ। ਇਹ ਕਹਾਣੀ 'ਗੁਰਬਖਸ਼ ਸਿੰਘ' ਪ੍ਰੀਤਲੜੀ ਦੀ ਰਚਨਾ ਹੈ। ਇਹ ਰਚਨਾ ਤੁਹਾਡੀ ਪਾਠ ਪੁਸਤਕ ਕਾਵਿ-ਕਥਾ ਸੰਵੇਦਨਾ ਵਿੱਚ ਦਰਜ ਹੈ। ਇਸਦਾ ਵਿਸਥਾਰ ਤੁਹਾਨੂੰ 15 ਅਪਰੈਲ 2024 ਨੂੰ ਭੇਜ ਰਹੇ ਹਾਂ।

ਤੁਸੀਂ ਇਸ ਪਾਠ ਨੂੰ ਧਿਆਨ ਨਾਲ ਪੜ੍ਹਨਾ ਹੈ ਅਤੇ ਕਹਾਣੀ ਦੇ ਵਿਸ਼ੇ ਨੂੰ ਸਮਝਣਾ ਹੈ।

ਪਿਛਲੇ ਹਫ਼ਤੇ ਅਸੀਂ ਪੜ੍ਹਿਆ ਸੀ ਕਿ ਮੇਜਰ ਸਾਹਿਬ (ਕਹਾਣੀ ਦਾ ਮੁੱਖ ਪਾਤਰ) ਬੀੜ ਭੜੂਰ ਵਾਲੇ ਤੀਜੇ ਦਰਜੇ ਦੇ ਡੱਬੇ ਦੀਆਂ ਸਵਾਰੀਆਂ ਦੇ ਦਿਲਾਂ ਵਿੱਚ ਘਰ ਕਰ ਗਏ ਸੀ। ਸਾਰੇ ਉਹਨਾਂ ਨੂੰ ਬਹੁਤ ਨੇਕ ਇਨਸਾਨ ਸਮਝਣ ਲੱਗੇ ਅਤੇ ਦਿਲੋਂ ਸਤਿਕਾਰ ਕਰਨ ਲੱਗੇ। ਉਹ ਕਿਸੇ ਨਾਲ ਵੀ ਉਖੜ ਕੇ ਗੱਲ ਨਹੀਂ ਕਰਦੇ ਸੀ। ਉਹ ਸਭ ਦੀ ਮਦਦ ਕਰਦੇ ਸੀ। ਭਾਵੇਂ ਕਿਸੇ ਨੂੰ ਸੀਟ ਚਾਹੀਦੀ ਸੀ ਜਾਂ ਪੀਣ ਨੂੰ ਸ਼ਿਕੰਜਵੀ ਜਾਂ ਕਿਸੇ ਦਾ ਸਿਗਰਟ ਪੀਣ ਨੂੰ ਜੀਅ ਕਰਦਾ ਹੋਵੇ ਉਹ ਸਭ ਨੂੰ ਸਹੀ ਸੁਝਾਅ ਦਿੰਦੇ ਸੀ। ਉਹਨਾਂ ਦਾ ਸੁਭਾਅ ਬਹੁਤ ਮਿਲਾਪੜਾ ਅਤੇ ਹਸਮੁੱਖ ਸੀ।

Class-9 Teacher- Ramandeep kaur

Topic- 'ਪਹੁੰਤਾ ਪਾਂਧੀ' ਪਾਠ-1 (ਕਹਾਣੀ)

ਆਓ ਹੁਣ ਵਿਚਾਰਦੇ ਹਾਂ ਕਿ ਕਹਾਣੀ ਵਿੱਚ ਅੱਗੇ ਕੀ ਵਾਪਰਦਾ ਹੈ।

☆ ਹੌਲਦਾਰ ਵੱਲੋਂ ਮੇਜਰ ਸਾਹਿਬ ਨੂੰ ਡੱਬਾ ਬਦਲਣ ਬਾਰੇ ਪੁੱਛਣਾ

ਅਗਲੇ ਸਟੇਸ਼ਨ ਤੇ ਇੱਕ ਹੌਲਦਾਰ ਨੇ ਪਲੇਟਫਾਰਮ ਤੋਂ ਹੀ ਮੇਜਰ ਸਾਹਿਬ ਨੂੰ ਸਲੂਟ ਮਾਰਦਿਆਂ ਪੁੱਛਿਆ ਕਿ "ਸਾਹਿਬ ਤੁਸੀਂ ਆਪਣਾ ਡੱਬਾ ਛੱਡ ਕੇ ਇੱਥੇ ਕਿਉਂ ਆ ਗਏ?।" ਮੇਜਰ ਸਾਹਿਬ ਨੇ ਬੜੇ ਮਖੌਲੀਆ ਲਿਹਾਜ਼ ਨਾਲ ਕਿਹਾ ਕਿ ਉਸ ਡੱਬੇ ਵਿੱਚ ਸਾਰੇ ਆਪੋ-ਆਪਣੇ ਰੰਗਾਂ ਵਿੱਚ ਵਿਅਸਤ ਹਨ ਕੋਈ ਅਖਬਾਰ ਪੜ੍ਹਦਾ ਹੈ, ਕੋਈ ਕਿਤਾਬ, ਕੋਈ ਸਿਗਰਟ ਪੀਣ ਵਿੱਚ ਮਸਤ ਹੈ ਭਾਵ ਸਭ ਆਪਣੇ ਆਪ ਵਿੱਚ ਮਸਤ ਹਨ ਅਤੇ ਸ਼ਾਂਤ ਵਾਤਾਵਰਣ ਹੈ। ਉਹ ਤਾਂ ਮੈਨੂੰ ਮੁਰਦਿਆਂ ਦਾ ਡੱਬਾ ਲਗਦਾ ਹੈ। ਇਹ ਤੀਜੇ ਦਰਜੇ ਵਾਲੇ ਡੱਬੇ ਵਿੱਚ ਸਭ ਜਾਗੇ ਰੂਹ ਵਾਲੇ ਹਨ ਅਤੇ ਰੌਣਕ ਭਰਿਆ ਮਾਹੌਲ ਹੈ। ਉਸ ਹੌਲਦਾਰ ਨੇ ਪੁੱਛਿਆ ਕਿ ਉਹ ਉਸ ਡੱਬੇ ਵਿੱਚ ਜਾ ਕੇ ਉਹਨਾਂ ਦੇ ਸਮਾਨ ਦਾ ਖਿਆਲ ਰੱਖੇ। ਤਾਂ ਮੇਜਰ ਸਾਹਿਬ ਨੇ ਹਾਂ ਦਾ ਹੁੰਗਾਰਾ ਭਰਿਆ। ਮੇਜਰ ਸਾਹਿਬ ਆਪ ਫ਼ੌਜੀ ਸਨ ਅਤੇ ਉਹਨਾਂ ਨੂੰ ਬੋਲਚਾਲ ਵਾਲੇ ਬੰਦੇ ਹੀ ਪਸੰਦ ਸੀ। ਉਹਨਾਂ ਦਾ ਵੀ ਤੀਜੇ ਦਰਜੇ ਦੇ ਡੱਬੇ ਵਿੱਚ ਬਹੁਤ ਮਨ ਲੱਗਿਆ, ਉਹਨਾਂ ਦੀ ਰੂਹ ਖੁਸ਼ ਹੋ ਗਈ।

Date 15.4.24
Page 3

Class-9 Teacher- Ramandeep kaur
Topic- ਬਹੁਤ ਬਾਕੀ ਪਾਠ-1 (ਕਹਾਣੀ)

## ਮੇਜਰ ਸਾਹਿਬ ਵਲੋਂ ਇੱਕ ਹੋਰ ਆਮ ਆਦਮੀ ਦੀ ਮਦਦ ਕਰਨੀ

ਹੌਲਦਾਰ ਨੇ ਨਾ ਦਾ ਜਵਾਬ ਦੇਣ ਤੋਂ ਬਾਅਦ ਮੇਜਰ ਸਾਹਿਬ ਨੇ ਦੇਖਿਆ ਕਿ ਇੱਕ ਆਦਮੀ ਤੁਰਦੀ ਗੱਡੀ ਦੇ ਜੰਗਲੇ ਨਾਲ ਲਟਕ ਗਿਆ ਸੀ। ਉਹਨਾਂ ਨੇ ਡਰ ਸੀ ਕੇ ਮਰ ਨਾ ਜਾਵੇ। ਇਸ ਲਈ ਉਸਨੂੰ ਆਪਣੇ ਫੌਜੀਆਂ ਵਾਲੇ ਡੱਬੇ ਵਿੱਚ ਬਿਠਾ ਲਿਆ। ਅਗਲਾ ਟੇਸ਼ਨ ਆਉਣ ਤੇ ਉਸਨੂੰ ਕਿਹਾ ਕਿ ਉਹ ਕਿਸੇ ਹੋਰ ਡੱਬੇ ਵਿੱਚ ਚਲਾ ਜਾਵੇ ਤਾਂ ਉਸਨੇ ਵਾਸਤਾ ਪਾਇਆ ਕਿ ਗੱਡੀ ਸਚਾਸਚ ਭਰੀ ਹੋਣ ਕਰਕੇ ਕਿਸੇ ਨੇ ਵੀ ਉਸਨੂੰ ਜਗ੍ਹਾ ਨਹੀਂ ਦੇਣੀ ਤਾਂ ਮੇਜਰ ਸਾਹਿਬ ਨੇ ਉਸ ਨਾਲ ਟਿਕਟ ਵਟਾ ਲਈ ਅਤੇ ਉਸਨੂੰ ਆਪਣੀ ਜਗ੍ਹਾ ਦੇ ਕੇ ਆਪ ਤੀਸਰੇ ਦਰਜੇ ਦੇ ਡੱਬੇ ਵਿੱਚ ਆ ਕੇ ਬੈਠ ਗਏ।

ਮੇਜਰ ਸਾਹਿਬ ਦਾ ਅਜਿਹਾ ਰਵੱਈਆ ਬਰਾਬਰ ਵਤੀਰਾ ਵੇਖ ਕੇ ਸਾਰੀਆਂ ਸਵਾਰੀਆਂ ਹੈਰਾਨ ਰਹਿ ਗਈਆਂ। ਪਰ ਮੇਜਰ ਸਾਹਿਬ ਨੇ ਕਿਸੇ ਸਵਾਰੀ ਨੂੰ ਆਪਣੀ ਤਾਰੀਫ ਕਰਨ ਦਾ ਮੌਕਾ ਨਹੀਂ ਦਿੱਤਾ। ਉਹਨਾਂ ਨੂੰ ਖੁਸ਼ੀਆ ਦੀ ਲੋੜ ਨਹੀਂ ਸੀ ਉਹ ਤਾਂ ਖੁਸ਼ਮਿਜਾਜ ਵਿਅਕਤੀ ਸੀ। ਉਹ ਆਪ ਵੀ ਖੁਸ਼ ਰਹਿੰਦੇ ਸੀ ਤੇ ਦੂਜਿਆਂ ਨੂੰ ਵੀ ਖੁਸ਼ ਰਖਦੇ ਸੀ। ਉਹ ਬਹੁਤ ਹੀ ਨੇਕ ਇਨਸਾਨ ਸੀ।

Class-9 Teacher- Ramandeep Kaur

Topic- ਪੜਤ ਪੰਜਾਬੀ ਪਾਠ-1 (ਕਹਾਣੀ)

## ਮੇਜਰ ਸਾਹਿਬ ਦਾ ਸਟੇਸ਼ਨ ਆ ਜਾਣਾ

ਅਗਲੇ ਸਟੇਸ਼ਨ ਤੇ ਮੇਜਰ ਸਾਹਿਬ ਨੇ ਉੱਤਰ ਜਾਣਾ ਸੀ। ਕਿਸੇ ਨੂੰ ਉਹਨਾਂ ਦਾ ਘਰ- ਪਤਾ ਨਹੀਂ ਸੀ। ਉਹਨਾਂ ਦੇ ਸਿਪਾਹੀਆਂ ਨੇ ਉਹਨਾਂ ਦਾ ਸਮਾਨ ਇੱਕਠਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਸਟੇਸ਼ਨ ਆਇਆ ਕੁਲੀਆਂ ਤੇ ਸਵਾਰੀਆਂ ਦਾ ਰੌਲਾ ਪੈ ਗਿਆ। ਮੇਜਰ ਸਾਹਿਬ ਵੀ ਸਭ ਨੂੰ ਹੱਥ ਜੋੜਦੇ ਕਾਹਲੀ - ਕਾਹਲੀ ਗੱਡੀ ਤੋਂ ਉੱਤਰ ਗਏ ਤੇ ਕਹਿਣ ਲੱਗੇ " ਉਹਨਾਂ ਨੇ ਆਪਣੇ ਫੌਜੀਆਂ ਦੇ ਡੱਬੇ ਵਿੱਚੋਂ ਆਪਣਾ ਸਮਾਨ ਇੱਕਠਾ ਕਰਨਾ ਹੈ, ਇਸ ਵਾਰ ਸੁਆਣੀ ਦੇ ਵਿਚ ਜੇ ਫਿਰ ਅਜਿਹਾ ਮੌਕਾ ਮਿਲਿਆ ਤਾਂ ਪੂਰਾ ਪਤਾ ਨੋਟ ਕਰ ਦਿਆਂਗਾ।"

ਜਦੋਂ ਮੇਜਰ ਸਾਹਿਬ ਸਾਹਿਬ ਚਲੇ ਗਏ ਤਾਂ ਉਸ ਡੱਬੇ ਵਿੱਚ ਇਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਡੱਬੇ ਦੀ ਰੂਹ ਨਿਕਲ ਗਈ ਤੇ ਸ਼ਾਂਤ ਵਾਤਾਵਰਨ ਹੋ ਗਿਆ ਹੋਵੇ।

ਸੋ ਵਿਦਿਆਰਥੀਓ ਤੁਸੀਂ ਇਸ ਕਹਾਣੀ ਨੂੰ ਪੜ੍ਹੋ ਅਤੇ ਇਸ ਨੂੰ ਸਮਝਣ ਦਾ ਯਤਨ ਕਰੋ। ਅਗਲੇ ਪੜਤੇ ਅਸੀਂ ਕਹਾਣੀ ਦੇ ਕੁਝ ਖਾਸ ਪਹਿਲੂਆਂ ਬਾਰੇ ਚਰਚਾ ਕਰਾਂਗੇ।

ਧੰਨਵਾਦ

(Last page.)